Government of Canada / Gouvernement du Canada

# ਰਸਾਇਣ ਪ੍ਰਬੰਧਨ ਯੋਜਨਾ ਤਹਿਤ ਨਿਰੀਖਣ ਅਤੇ ਖੋਜ

ਸੰਨ 2006 ਵਿੱਚ ਕੈਨੇਡਾ ਸਰਕਾਰ ਨੇ ਕੈਨੇਡਾ ਵਾਸੀਆਂ ਅਤੇ ਉਹਨਾਂ ਦੇ ਵਾਤਾਵਰਣ ਨੂੰ ਨੁਕਸਾਨਦੇਹ ਰਸਾਇਣਾਂ ਦੇ ਸੰਪਰਕ ਤੋਂ ਬਚਾਉਣ ਲਈ ਆਪਣੀ ਭੂਮਿਕਾ ਦੇ ਹੋਰ ਵਿਸਥਾਰ ਲਈ ਰਸਾਇਣ ਪ੍ਰਬੰਧਨ ਯੋਜਨਾ (CMP) ਦੀ ਸ਼ੁਰੂਆਤ ਕੀਤੀ। CMP ਖੋਜ ਅਤੇ ਨਿਰੀਖਣ ਲਈ ਵੀ ਫੰਡ ਮੁਹੱਈਆ ਕਰਦੀ ਹੈ। ਮਨੁੱਖਾਂ ਵਿੱਚ ਅਤੇ ਵਾਤਾਵਰਨ ਵਿੱਚ ਰਸਾਇਣਾਂ ਦੀ ਖੋਜ ਅਤੇ ਨਿਰੀਖਣ, ਰਸਾਇਣਾਂ ਦੇ ਕੈਨੇਡਾ ਵਾਸੀਆਂ ਅਤੇ ਉਨ੍ਹਾਂ ਦੇ ਵਾਤਾਵਰਨ 'ਤੇ ਹੋ ਸਕਣ ਵਾਲੇ ਸੰਭਾਵੀ ਸੰਪਰਕਾਂ ਅਤੇ ਪ੍ਰਭਾਵਾਂ ਬਾਰੇ ਸਾਡੀ ਸਮਝ ਵਿੱਚ ਵਾਧਾ ਕਰਨ ਵਿੱਚ ਮਦਦ ਕਰਦੀ ਹੈ।

## ਨਿਰੀਖਣ ਕੀ ਹੈ?

CMP ਦਾ ਮੁਖ ਤੱਤ ਦੋਵੇਂ ਮਨੁੱਖਾਂ ਅਤੇ ਵਾਤਾਵਰਨ ਵਿੱਚ ਰਸਾਇਣਾਂ ਦਾ ਨਿਰੀਖਣ ਕਰਨਾ ਹੈ। ਆਮ ਸ਼ਬਦਾਂ ਵਿੱਚ ਨਿਰੀਖਣ ਹਵਾ, ਪਾਣੀ, ਜੰਗਲੀ ਜੀਵਨ ਅਤੇ ਮਨੁੱਖਾਂ ਵਿੱਚ ਰਸਾਇਣਾਂ ਦੀ ਪੈਮਾਇਸ਼ ਹੈ। ਇਸ ਵਿੱਚ ਮਿਆਰੀ ਤਰੀਕਿਆਂ ਅਤੇ ਪ੍ਰੋਟੋਕੋਲਾਂ ਦੇ ਇਸਤੇਮਾਲ ਨਾਲ ਭੌਤਿਕ, ਰਸਾਇਣਿਕ, ਅਤੇ ਜੀਵ ਵਿਗਿਆਨਕ ਡਾਟਾ ਦਾ ਨਿਯਮਿਤ ਸੰਗਰਹਿ ਸ਼ਾਮਲ ਹੈ।

### ਮਨੁੱਖੀ ਬਾਇਓਮੋਨੀਟਰਿੰਗ

ਰਸਾਇਣਾਂ ਨਾਲ ਮਨੁੱਖੀ ਸੰਪਰਕ CMP ਲਈ ਧਿਆਨ ਕੇਂਦਰ ਕਰਨ ਦਾ ਇੱਕ ਅਹਿਮ ਖੇਤਰ ਹੈ। ਮਨੁੱਖੀ ਬਾਇਓਮੋਨੀਟਰਿੰਗ ਲੋਕਾਂ ਵਿੱਚ, ਰਸਾਇਣ ਦੀ, ਇਸ ਦੇ ਟੁੱਟਣ ਤੋਂ ਬਾਅਦ ਬਣਦੇ ਗੌਣ ਉਪਜਾਂ, ਜਾਂ ਸਰੀਰ ਵਿੱਚ ਪਰਸਪਰ ਪ੍ਰਭਾਵਾਂ ਦੇ ਨਤੀਜੇ ਤੋਂ ਹੋਣ ਵਾਲੀਆਂ ਗੌਣ ਉਪਜਾਂ ਦੀ ਪੈਮਾਇਸ਼ ਹੈ। ਇਹ ਪੈਮਾਇਸ਼ਾਂ ਆਮ ਤੌਰ 'ਤੇ ਖ਼ੂਨ ਅਤੇ ਪਿਸ਼ਾਬ ਦੇ ਨਮੂਨਿਆਂ ਅਤੇ ਕਈ ਵਾਰੀ ਹੋਰ ਟਿਸ਼ੂਆਂ ਜਾਂ ਤਰਲਾਂ ਜਿਵੇਂ ਵਾਲ, ਨਹੁਆਂ, ਅਤੇ ਛਾਤੀ ਦੇ ਦੁੱਧ ਵਿੱਚੋਂ ਕੀਤਿਆਂ ਜਾਂਦੀਆਂ ਹਨ। ਪੈਮਾਇਸ਼ਾਂ ਇਹ ਸੰਕੇਤ ਕਰਦੀਆਂ ਹਨ ਕਿ ਕਿੰਨਾ ਰਸਾਇਣ ਉਸ ਵਿਅਕਤੀ ਦੇ ਅੰਦਰ ਮੌਜੂਦ ਹੈ ਜਾਂ ਕਿੰਨੇ ਰਸਾਇਣ ਦੇ ਸੰਪਰਕ ਵਿੱਚ ਵਿਅਕਤੀ ਆਇਆ ਹੈ। ਸਰੀਰ ਵਿੱਚ ਰਸਾਇਣ ਦੀ ਮੌਜੂਦਗੀ ਦਾ ਇਹ ਮਤਲਬ ਜਰੂਰੀ ਨਹੀਂ ਕਿ ਨਤੀਜੇ ਵੱਜੋਂ ਨੁਕਸਾਨਦੇਹ ਜਾਂ ਪ੍ਰਤੀਕੂਲ ਅਸਰ ਪਵੇਗਾ।

### ਵਾਤਾਵਰਨਿਕ ਨਿਰੀਖਣ

ਵਾਤਾਵਰਨ ਵਿੱਚ ਰਸਾਇਣਾਂ ਦੇ ਨਿਰੀਖਣ ਵਿੱਚ ਹਵਾ, ਪਾਣੀ, ਫੋਗ, ਮੱਛੀ ਜਾਂ ਪੰਛੀਆਂ ਵਰਗੇ ਵੱਖ ਵੱਖ ਮਾਧਿਅਮਾਂ ਵਿੱਚ ਰਸਾਇਣਾਂ ਦੇ ਸੰਘਣੇਪਣ ਦੀ ਪੈਮਾਇਸ਼ ਸ਼ਾਮਲ ਹੈ।

### ਭੋਜਨ ਵਿੱਚ ਨਿਰੀਖਣ ਅਤੇ ਨਿਗਰਾਨੀ

ਸਿਹਤ ਕੈਨੇਡਾ ਖ਼ੁਰਾਕ ਵਿੱਚ ਹੋਣ ਵਾਲੇ ਰਸਾਇਣਿਕ ਦੂਸ਼ਣਾਂ ਦੇ ਸੰਪਰਕ ਤੋਂ ਮਨੁੱਖੀ ਸਿਹਤ ਨੂੰ ਹੋਣ ਵਾਲੇ ਜੋਖਮਾਂ ਦੇ ਮੁਲਾਂਕਣ ਲਈ ਵੀ ਜ਼ੁੰਮੇਵਾਰ ਹੈ। ਸਿਹਤ ਕੈਨੇਡਾ ਖ਼ੁਰਾਕ ਵਿੱਚ ਰਸਾਇਣਾਂ ਦੇ ਸਤਰ ਦੇ ਨਿਰੀਖਣ ਲਈ ਨਿਯਮਿਤ ਨਿਗਰਾਨੀ ਕਰਦਾ ਹੈ ਅਤੇ ਕੈਨੇਡਾ ਵਾਸੀਆਂ ਦੇ ਇਨ੍ਹਾਂ ਰਸਾਇਣਾਂ ਨਾਲ ਸੰਪਰਕ ਦਾ ਅਨੁਮਾਨ ਲਗਾਉਂਦਾ ਹੈ। ਅਧਿਐਨ ਦੀਆਂ ਕਿਸਮਾਂ ਜਿਨ੍ਹਾਂ ਵਿੱਚ ਖ਼ੁਰਾਕ ਵਿੱਚ ਰਸਾਇਣਿਕ ਦੂਸ਼ਣਾਂ ਦੇ ਮਿਥੇ ਹੋਏ ਸਰਵੇਖਣ, ਅਤੇ ਟੋਟਲ ਡਾਇਟ ਸਟੱਡੀਜ਼ ਸ਼ਾਮਲ ਹਨ, ਰਸਾਇਣਾਂ ਦੇ ਸਤਰਾਂ ਬਾਰੇ ਅਨੁਮਾਨ ਲਗਾਉਂਦੀਆਂ ਹਨ ਜਿਨ੍ਹਾਂ ਦੇ ਸੰਪਰਕ ਵਿੱਚ ਵੱਖ ਵੱਖ ਉਮਰ-ਲਿੰਗ ਗਰੁੱਪਾਂ ਦੇ ਕੈਨੇਡੀਅਨ ਫੂਡ ਸਪਲਾਈ ਦੇ ਜ਼ਰੀਏ ਆਉਂਦੇ ਹਨ।

ਪ੍ਰਕਾਸ਼ਨ ਦੀ ਮਿਤੀ: ਨਵੰਬਰ 2009

Canada

## ਨਿਰੀਖਣ ਮਨੁੱਖੀ ਸਿਹਤ ਅਤੇ ਵਾਤਾਵਰਨ ਨੂੰ ਬਚਾਉਣ ਵਿੱਚ ਕਿਵੇਂ ਮਦਦ ਕਰ ਸਕਦਾ ਹੈ?

ਮਨੁੱਖੀ ਸਿਹਤ ਅਤੇ ਵਾਤਾਵਰਨ ਲਈ ਸੰਭਾਵੀ ਜੋਖਮਾਂ ਦੀ ਸ਼ਨਾਖਤ ਕਰਨ ਲਈ ਮਨੁੱਖੀ ਅਤੇ ਵਾਤਾਵਰਨਿਕ ਨਿਰੀਖਣ ਜ਼ਰੂਰੀ ਸਾਧਨ ਹਨ। ਪ੍ਰੋਗਰਾਮਾਂ ਦਾ ਨਿਰੀਖਣ ਉਹ ਜ਼ਰੂਰੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ ਜੋ ਮਜਬੂਤ ਅਤੇ ਅਸਰਦਾਰ ਜਨਤਕ ਸਿਹਤ ਅਤੇ ਵਾਤਾਵਰਨਿਕ ਸਿਹਤ ਨੀਤੀਆਂ ਬਣਾਉਣ ਅਤੇ ਦਖਲ ਦੇਣ ਲਈ ਇਸਤੇਮਾਲ ਕੀਤੀ ਜਾਂਦੀ ਹੈ, ਅਤੇ ਮਨੁੱਖਾਂ ਅਤੇ/ਜਾਂ ਵਾਤਾਵਰਨ ਦੇ ਸੰਭਾਵੀ ਜੋਖਮਾਂ ਨੂੰ ਸੀਮਤ ਕਰਨ ਜਾਂ ਘਟਾਉਣ ਲਈ ਸਰਕਾਰੀ ਕਾਰਵਾਈਆਂ ਦੀ ਅਸਰਦਾਇਕਤਾ ਦੀ ਪੈਮਾਇਸ਼ ਕਰਨ ਵਿੱਚ ਮਦਦ ਕਰਦੀ ਹੈ।

ਡਾਟਾ ਦੇ ਨਿਰੀਖਣ ਦੇ ਵੱਖ-ਵੱਖ ਇਸਤੇਮਾਲ ਹਨ, ਜਿਸ ਵਿੱਚ ਸ਼ਾਮਲ ਹਨ:

- ਕੈਨੇਡਾ ਵਾਸੀਆਂ ਅਤੇ ਉਨ੍ਹਾਂ ਦੇ ਵਾਤਾਵਰਨ ਵਿੱਚ ਰਸਾਇਣਾਂ ਦਾ ਬੇਸਲਾਈਨ ਸਤਰ ਸਥਾਪਤ ਕਰਨ ਅਤੇ ਸਮੇਂ ਅਤੇ ਭੂਗੋਲਿਕ ਖੇਤਰ ਦੀ ਵਜੋਂ ਸੰਘਣੇਪਣ ਦੀ ਪਰਵਿਰਤੀ ਬਾਰੇ ਪਤਾ ਲਗਾਉਣਾ;
- ਉਨ੍ਹਾਂ ਜਨਸੰਖਿਆਵਾਂ, ਖੇਤਰਾਂ ਅਤੇ ਜਾਤੀਆਂ ਦੀ ਸ਼ਨਾਖਤ ਕਰਨੀ ਜਿਨ੍ਹਾਂ ਵਿੱਚ ਖਾਸ ਰਸਾਇਣਾਂ ਦੇ ਉੱਚ ਸਤਰ ਹੋ ਸਕਦੇ ਹਨ, ਅਤੇ ਜਿਨ੍ਹਾਂ 'ਤੇ ਉਲਟ ਸਿਹਤ ਪ੍ਰਭਾਵਾਂ ਦਾ ਜ਼ਿਆਦਾ ਜੋਖਮ ਹੋ ਸਕਦਾ ਹੈ;
- ਉਨ੍ਹਾਂ ਲੋਕਾਂ ਦੀ ਪੈਮਾਇਸ਼ ਕਰਨੀ ਜਿਨਾਂ ਅੰਦਰ ਅਜਿਹੇ ਰਸਾਇਣਾਂ ਦੇ ਵਧੇ ਹੋਏ ਸਤਰ ਹਨ ਜੋ ਮਨੁੱਖੀ ਸਿਹਤ ਲਈ ਜੋਖਮ ਪੇਸ਼ ਕਰਨ ਬਾਰੇ ਜਾਣੇ ਜਾਂਦੇ ਹਨ;
- ਲੋਕਾਂ ਅਤੇ ਵਾਤਾਵਰਨ ਵਿੱਚ ਰਸਾਇਣਾਂ ਦੇ ਸੰਘਣੇਪਣ ਅਤੇ ਨਿਰੀਖਿਤ ਸਿਹਤ ਜਾਂ ਪਰਿਆਵਰਨ ਪ੍ਰਭਾਵਾਂ ਦਰਮਿਆਨ ਸੰਬੰਧਾਂ ਬਾਰੇ ਪੜਤਾਲ ਕਰਨੀ;
- ਉਨ੍ਹਾਂ ਰਸਾਇਣਾਂ ਦੀ ਸ਼ਨਾਖਤ ਕਰਨੀ ਜੋ ਚਿੰਤਾ ਦਾ ਕਾਰਨ ਹੋ ਸਕਦੇ ਹਨ ਕਿਉਂਕਿ ਉਹ ਲੋਕਾਂ ਵਿੱਚ ਜਾਂ ਖੁਰਾਕ ਲੜੀ ਦੇ ਆਰ ਪਾਰ ਜਮਾਂ ਹੋ ਜਾਂਦੇ ਹਨ;
- ਕੈਨੇਡੀਅਨਾਂ ਦੀ ਸਿਹਤ ਅਤੇ ਉਨ੍ਹਾਂ ਦੇ ਵਾਤਾਵਰਨ ਨੂੰ ਬਚਾਉਣ ਲਈ ਪੈਹਲਾਂ ਤੈਅ ਕਰਨੀਆਂ ਅਤੇ ਕਾਰਵਾਈਆਂ ਕਰਨੀਆਂ;
- ਖਾਸ ਰਸਾਇਣਾਂ ਤੋਂ ਕੈਨੇਡੀਅਨਾਂ ਅਤੇ ਉਨ੍ਹਾਂ ਦੇ ਵਾਤਾਵਰਨ ਨਾਲ ਸੰਪਰਕ ਅਤੇ ਜੋਖਮਾਂ ਨੂੰ ਘਟਾਉਣ ਦੇ ਇਰਾਦੇ ਨਾਲ ਕੀਤੀਆਂ ਜਨਤਕ ਸਿਹਤ ਅਤੇ ਵਾਤਾਵਰਨਿਕ ਕਾਰਵਾਈਆਂ ਦੀ ਅਸਰਦਾਇਕਤਾ ਦਾ ਮੁਲਾਂਕਣ ਕਰਨਾ; ਅਤੇ
- ਸੰਪਰਕ ਅਤੇ ਸਿਹਤ ਵਿਚਾਲੇ ਸੰਬੰਧਾਂ ਉੱਪਰ ਭਵਿੱਖੀ ਖੋਜ ਕੋਸ਼ਿਸ਼ਾਂ 'ਤੇ ਧਿਆਨ ਕੇਂਦਰਤ ਕਰਨ ਵਿੱਚ ਮਦਦ ਕਰਨਾ।

## ਕੈਨੇਡਾ ਸਰਕਾਰ ਕੀ ਨਿਰੀਖਣ ਕਰ ਰਹੀ ਹੈ?

ਰਸਾਇਣ ਪ੍ਰਬੰਧਨ ਯੋਜਨਾ ਦੇ ਤਹਿਤ, ਕੈਨੇਡਾ ਸਰਕਾਰ ਕਈ ਨਿਰੀਖਣ ਦੇ ਪ੍ਰੋਗਰਾਮ ਕਰ ਰਹੀ ਹੈ, ਜਿਵੇਂ ਕਿ:

### ਸਿਹਤ ਬਾਇਉਮੋਨੀਟਰਿੰਗ ਗਤੀਵਿਧੀਆਂ

- ਕੈਨੇਡੀਅਨ ਹੈਲਥ ਮੱਯਰਜ਼ ਸਰਵੇ (CHMS) - 6-79 ਸਾਲਾਂ ਦੀ ਉਮਰ ਦੇ 5,000 ਕੈਨੇਡੀਅਨਾਂ ਵਿੱਚ ਰਸਾਇਣਿਕ ਸੰਪਰਕਾਂ ਦੀ ਪੈਮਾਇਸ਼।
- ਮੈਟਰਨਲ ਇਨਫੈਂਟ ਰਿਸਰਚ ਆਨ ਇਨਵਾਇਰਨਮੈਂਟਲ ਕੈਮੀਕਲਜ਼ (MIREC) – 2,000 ਗਰਭਵਤੀ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਵੱਖ ਵੱਖ ਵਾਤਾਵਰਨਿਕ ਰਸਾਇਣਾਂ ਨਾਲ ਸੰਪਰਕ ਦੇ ਨਿਰੀਖਣ ਲਈ ਅਧਿਐਨ।

### ਵਾਤਾਵਰਨਿਕ ਨਿਰੀਖਣ ਗਤੀਵਿਧੀਆਂ

- ਹਵਾ, ਪਾਣੀ ਅਤੇ ਮੱਛੀ ਵਰਗੇ ਪ੍ਰਾਣੀਆਂ ਵਿੱਚ ਪਦਾਰਥਾਂ ਦੇ ਨਿਰੀਖਣ ਲਈ ਕੈਨੇਡਾ ਦੀ ਵਾਤਾਵਰਨਿਕ ਨਿਰੀਖਣ ਪ੍ਰੋਗਰਾਮਾਂ ਦੀ ਵਿਆਪਕ ਲੜੀ, ਜੋ ਅਕਸਰ ਦਹਾਕਿਆਂ ਤੋਂ ਚੱਲੀ ਆ ਰਹੀ ਹੈ, ਸਰਕਾਰ ਦੀਆਂ ਮੌਜੂਦਾ ਨਿਰੀਖਣ ਵਚਨਬੱਧਤਾਵਾਂ (ਜਿਵੇਂ ਕਿ ਗਰੇਟ ਲੇਕਸ ਵਾਟਰ ਕੁਆਲਟੀ ਐਗਰੀਮੈਂਟ, ਸਟਾਕਹੋਮ ਕਨਵੈਨਸ਼ਨ ਆਨ ਪਰਸਿਸਟੈਂਟ ਆਰਗੈਨਿਕ ਪਾਲਯੂਟੈਂਟਸ) ਨੂੰ ਪੂਰਾ ਕਰਨ ਦੇ ਸਮਰਥ ਬਣਾਉਣ ਲਈ ਮੁਕੰਮਲ ਰਾਸ਼ਟਰੀ ਪ੍ਰੋਗਰਾਮ ਮੁਹੱਈਆ ਕਰਵਾਉਣ ਲਈ ਅਤੇ ਇਸ ਤੋਂ ਇਲਾਵਾ ਚਿੰਤਾ ਦੇ ਕਾਰਨ ਵੱਜੋਂ ਸਾਹਮਣੇ ਆ ਰਹੇ ਨਵੇਂ ਦੂਸ਼ਣਾਂ ਪ੍ਰਤੀ ਹੁੰਗਾਰਾ ਭਰਨ ਲਈ ਹਾਲ ਹੀ ਵਿੱਚ ਇਨ੍ਹਾਂ ਪ੍ਰੋਗਰਾਮਾਂ ਨੂੰ CMP ਦੇ ਤਹਿਤ ਏਕੀਕ੍ਰਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਵਿੱਚ ਵਾਧਾ ਕੀਤਾ ਗਿਆ ਹੈ। ਇਸ ਵਿੱਚ ਦੇਸ਼ ਭਰ ਵਿੱਚ ਬਾਹਰਲੀ ਹਵਾ, ਝੀਲਾਂ, ਨਦੀਆਂ, ਫੋਗਾਂ, ਮੱਛੀਆਂ ਅਤੇ ਪੰਛੀਆਂ ਵਿੱਚ ਖਾਸ ਰਸਾਇਣਾਂ ਦਾ ਏਕੀਕ੍ਰਿਤ ਨੈਟਵਰਕ, ਨਿਰੰਤਰ ਵਾਤਾਵਰਨਿਕ ਨਿਰੀਖਣ ਅਤੇ ਨਿਗਰਾਨੀ ਸ਼ਾਮਲ ਹੈ।
- ਕਿਉਂਕਿ ਚਿੰਤਾ ਦਾ ਕਾਰਨ ਕਈ ਨਵੇਂ ਦੂਸ਼ਣ ਉਨ੍ਹਾਂ ਉਤਪਾਦਾਂ ਵਿੱਚ ਮਿਲਦੇ ਹਨ ਜਿਹੜੇ ਲੈਂਡਫਿਲ ਜਾਂ ਜਾਇਆ ਪਾਣੀ ਵਿੱਚ ਖਤਮ ਹੁੰਦੇ ਹਨ, ਇਸ ਲਈ ਇਹ ਪਤਾ ਲਗਾਉਣ ਲਈ ਕਿ ਜਾਇਆ ਪਾਣੀ ਵਿੱਚ ਕਿਹੜੇ ਰਸਾਇਣ ਮਿਲਦੇ ਹਨ, ਇਹ ਰਸਾਇਣ ਕਿੱਥੋਂ ਅਤੇ ਕਿੰਨੀ ਮਾਤਰਾ ਵਿੱਚ ਜਾਇਆ ਪਾਣੀ ਵਿੱਚ ਦਾਖਲ ਹੁੰਦੇ ਹਨ, ਅਤੇ ਇਨ੍ਹਾਂ ਰਸਾਇਣਾਂ ਨੂੰ ਜਾਇਆ ਪਾਣੀ ਵਿੱਚੋਂ ਕੱਢਣ ਲਈ ਇਲਾਜ ਪ੍ਰਣਾਲੀ ਦੀ ਯੋਗਤਾ ਦਾ ਮੁਲਾਂਕਣ ਕਰਨ ਲਈ, CMP ਦੇ ਤਹਿਤ ਇੱਕ ਕੌਮੀ ਨਿਰੀਖਣ ਪ੍ਰੋਗਰਾਮ ਕਾਇਮ ਕੀਤਾ ਗਿਆ ਹੈ।
- ਇੱਕ ਤਜਰਬੇ ਅਧੀਨ ਦੇਸ਼ ਵਿਆਪੀ ਲੈਂਡਫਿਲ ਨਿਰੀਖਣ ਪ੍ਰੋਗਰਾਮ ਲੈਂਡਫਿਲ ਲੀਚੇਟ, ਲੈਂਡਫਿਲ ਗੈਸ, ਇਨਸਿਨਰੇਸ਼ਨ ਅਤੇ ਇਨਸਿਨਰੇਸ਼ਨ ਦੇ ਗੌਣ ਉਪਜਾਂ ਤੋਂ ਕੈਨੇਡਾ ਦੇ ਵਾਤਾਵਰਨ ਵਿੱਚ ਕੁਝ ਰਸਾਇਣਾਂ ਦੇ ਛੱਡੇ ਜਾਣ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਮੁਹੱਈਆ ਕਰਵਾਏਗਾ।

### ਖੁਰਾਕ ਦਾ ਨਿਰੀਖਣ ਅਤੇ ਨਿਗਰਾਨੀ ਗਤੀਵਿਧੀਆਂ

- ਇਹ ਯਕੀਨੀ ਬਣਾਉਣ ਲਈ ਆਪਣੀ ਹਿਦਾਇਤ ਦੇ ਹਿੱਸੇ ਵੱਜੋਂ ਕਿ ਰਸਾਇਣ ਖੁਰਾਕ ਵਿੱਚ ਉਨ੍ਹਾਂ ਸਤਰਾਂ 'ਤੇ ਮੌਜੂਦ ਨਾ ਹੋਣ ਜੋ ਕਿ ਸਿਹਤ ਲਈ ਅਸਵੀਕਰਿਤ ਜੋਖਮ ਪੇਸ਼ ਕਰਨ, ਸਿਹਤ ਕੈਨੇਡਾ, ਕੈਨੇਡਾ ਦੀ *ਟੋਟਲ ਡਾਇਟ ਸਟੱਡੀ* (TDS) ਕਰਨ ਅਤੇ ਖੁਰਾਕ ਵਿੱਚ ਦੂਸ਼ਣਾਂ ਦੇ ਸਤਰ ਦੇ ਨਿਰੀਖਣ ਲਈ ਨਿਯਮਿਤ ਨਿਗਰਾਨੀ ਦੀਆਂ ਗਤੀਵਿਧੀਆਂ ਕਰਦਾ ਹੈ।

## ਕੈਨੇਡਾ ਸਰਕਾਰ ਕਿਹੜੀ ਖੋਜ ਕਰ ਰਹੀ ਹੈ?

ਕੈਨੇਡਾ ਸਰਕਾਰ ਉਨ੍ਹਾਂ ਵੱਖ ਵੱਖ ਰਸਾਇਣਾਂ ਦੇ ਸੰਪਰਕ ਅਤੇ ਪ੍ਰਭਾਵਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਖੋਜ ਕਰ ਰਹੀ ਹੈ ਜਿਨ੍ਹਾਂ ਦੀ ਸ਼ਨਾਖਤ CMP ਤਹਿਤ ਪੈਹਲਾਂ ਦੇ ਤੌਰ 'ਤੇ ਕੀਤੀ ਗਈ ਸੀ। ਇਸ ਖੋਜ ਵਿੱਚ ਵਿਗਿਆਨ ਅਧਾਰਤ ਜਾਣਕਾਰੀ ਬਣਾਉਣਾ ਅਤੇ ਵੰਡਣਾ ਸ਼ਾਮਲ ਹੈ ਜੋ ਉਨ੍ਹਾਂ ਜੋਖਮਾਂ ਨੂੰ ਸਮਝਣ ਲਈ ਜਰੂਰੀ ਹੈ ਜੋ ਰਸਾਇਣ ਮਨੁੱਖੀ ਸਿਹਤ ਅਤੇ ਵਾਤਾਵਰਨ ਦੇ ਸਾਹਮਣੇ ਪੇਸ਼ ਕਰ ਸਕਦੇ ਹਨ। ਇਸ ਵਿੱਚ ਸ਼ਾਮਲ ਹੈ ਰਸਾਇਣਾਂ ਦੀਆਂ ਖਤਰੇ ਵਿੱਚ ਪਾਉਣ ਵਾਲੀਆਂ ਖਾਸੀਅਤਾਂ ਦੀ ਸ਼ਨਾਖਤ ਕਰਨਾ, ਇਨ੍ਹਾਂ ਦੇ ਵਾਤਾਵਰਨ ਵਿੱਚ ਭਵਿੱਖ ਬਾਰੇ ਪਤਾ ਲਾਉਣਾ, ਅਤੇ ਇਹ ਦੇਖਣਾ ਕਿ ਲੋਕ ਅਤੇ ਜੰਗਲੀ ਜੀਵਨ ਕਿਵੇਂ ਸੰਪਰਕ ਵਿੱਚ ਆ ਸਕਦਾ ਹੈ ਅਤੇ ਪ੍ਰਭਾਵਿਤ ਹੋ ਸਕਦਾ ਹੈ। ਸਰਕਾਰ ਲੋਕਾਂ ਅਤੇ ਵਾਤਾਵਰਨ ਵਿੱਚ ਰਸਾਇਣਾਂ ਦੀ ਭਾਲ ਕਰਨ ਵਿੱਚ ਸੁਧਾਰ ਕਰਨ ਅਤੇ ਪ੍ਰਭਾਵਾਂ ਲਈ ਬਿਹਤਰ ਸੁਰੱਖਿਆ ਲਈ ਸਾਧਨਾਂ ਦਾ ਵੀ ਵਿਕਾਸ ਕਰ ਰਹੀ ਹੈ। ਇਹ ਉਦਯੋਗ ਦੀ ਭਾਈਵਾਲੀ ਦੇ ਨਾਲ ਸਰਕਾਰੀ ਅਤੇ ਅਕਾਦਮਿਕ ਵਿਗਿਆਨੀਆਂ, ਦੋਵਾਂ ਵੱਲੋਂ, ਹੀ ਕੀਤਾ ਜਾ ਰਿਹਾ ਹੈ।

## ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?

ਰਸਾਇਣ ਪ੍ਰਬੰਧਨ ਯੋਜਨਾ ਤਹਿਤ ਨਿਰੀਖਣ ਅਤੇ ਖੋਜ ਬਾਰੇ ਹੋਰ ਜਾਣਕਾਰੀ ਲਈ, ਰਸਾਇਣਕ ਪਦਾਰਥਾਂ ਦੀ ਵੈਬਸਾਈਟ http://www.chemicalsubstances.gc.ca 'ਤੇ ਜਾਓ।